(i) Printed Pages : 3 Roll No. ..............................

(ii) Questions : 8 **Sub. Code : 1 2 5 2 7**

**Exam. Code : 5 0 2 2**

**Bachelor of Commerce (FYUP) 2nd Semester**

**(2056)**

**PUNJABI SABHYACHAR ATE VIHARAK PUNJABI**

**(Common with B.Com. Accounting and Finance & B.Com. Financial Market 2nd Semester FYUP)**

**Paper : B.Com.-PUN-201**

**Time Allowed : Three Hours]** **[Maximum Marks : 45**

**ਨੋਟ** :— (1) ਯੂਨਿਟ ਪਹਿਲਾ ਦੇ **ਚਾਰ** ਭਾਗ ਹਨ ਅਤੇ 25 ਅੰਕ ਹਨ।

(2) ਯੂਨਿਟ ਦੂਜਾ ਦੇ **ਚਾਰ** ਭਾਗ ਅਤੇ ਕੁੱਲ 20 ਅੰਕ ਹਨ।

**ਯੂਨਿਟ-ਪਹਿਲਾ**

1. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਲੋਕ ਗੀਤ ਦਾ ਵਿਸ਼ਾ ਸਪਸ਼ਟ ਕਰੋ:

   (ੳ) ਰਸੀਆ ਨਿੰਬੂ ਲਿਆਦੇ ਵੇ

   (ਅ) ਹਰੀਏ ਹਰੀਏ ਡੇਕੇ ਨੀ। 10×1=10

2. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਲੋਕ ਗੀਤ ਦਾ ਕੇਂਦਰੀ ਭਾਵ ਸਪਸ਼ਟ ਕਰੋ:

   (ੳ) ਊਠ ਕਿਉਂ ਡਰਦੇ?

   (ਅ) ਚੰਬੇ ਦੀਆਂ ਧਾਰਾਂ। 5×1=5

3. ਹੇਠ ਲਿਖਿਆਂ ਵਿਚੋਂ ਕਿਸੇ **ਇੱਕ** ਕਾਵਿ ਟੁਕੜੀ ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ:

   ਕੋਠੇ 'ਤੇ ਇੱਲ ਮਾਹੀਆ!<br>
   ਪਈ ਪਛਤਾਉਨੀਆਂ, ਤੈਨੂੰ ਦੇ ਕੇ ਦਿਲ ਮਾਹੀਆ!<br>
   ਅਸਮਾਨ ਤੇ ਇੱਲ ਭੌਂਦੀ,<br>
   ਤੇਰੀ ਮੇਰੀ ਇੱਕ ਜਿੰਦੜੀ, ਕਦੀ ਖ਼ਾਬਾਂ 'ਚ ਮਿਲ ਪੈਂਦੀ!

**ਜਾਂ**



Scanned with OKEN Scanner

ਨੀ ਲੈ ਦੇ ਮਾਏਂ, ਕਾਲਿਆਂ ਬਾਗਾਂ ਦੀ ਮਹਿੰਦੀ।

ਗਲੀ ਗਲੀ ਮੈਂ ਪੱਤਰ ਚੁਣਦੀ, ਪੱਤਰ ਚੁਣਦੀ ਰਹਿੰਦੀ।

ਮਹਿੰਦੀ ਦਾ ਰੰਗ ਸੂਹਾ ਤੇ ਸਾਵਾ, ਸੋਹਣੀ ਬਣ ਬਣ ਪੈਂਦੀ।

ਘੋਲ ਮਹਿੰਦੀ ਮੈਂ ਹੱਥਾਂ 'ਤੇ ਲਾਈ, ਵਹੁਟੀ ਬਣ ਬਣ ਬਹਿੰਦੀ। 5×1=5

4. ਹੇਠ ਲਿਖਿਆਂ ਵਿਚੋਂ ਕੋਈ **ਪੰਜ** ਪ੍ਰਸ਼ਨ ਕਰੋ। ਹਰ ਪ੍ਰਸ਼ਨ ਦਾ **ਇੱਕ** ਅੰਕ ਹੈ:

(ੳ) 'ਥੜ੍ਹਿਆਂ ਬਾਝ ਨਾ ਪਿੱਪਲ ਸੋਂਹਦੇ' ਲੋਕਗੀਤ ਵਿਚ ਆਏ ਸ਼ਬਦ 'ਫੁਲਾਹੀਆਂ' ਦਾ ਕੀ ਅਰਥ ਹੈ?

(ਅ) ਪਸ਼ੂਆਂ ਨਾਲ ਸੰਬੰਧਿਤ ਕੋਈ ਦੋ ਲੋਕ ਗੀਤਾਂ ਦੇ ਨਾਂ ਲਿਖੋ।

(ੲ) 'ਕਿੱਕਰਾਂ' ਗੀਤ ਵਿਚ ਕਿਸ ਤਰ੍ਹਾਂ ਦੇ ਭਾਵ ਪੇਸ਼ ਹਨ?

(ਸ) 'ਡੋਡਨੀ ਦੀ ਛਾਈਂ' ਕਿਥੋਂ ਦਾ ਲੋਕ ਗੀਤ ਹੈ?

(ਹ) 'ਊਠ ਨਹੀਂ ਸੋਨੇ ਦੀਆਂ ਵੰਗਾਂ' ਗੀਤ ਵਿਚ ਆਏ ਸ਼ਬਦ 'ਵੱਟਲ' ਦਾ ਕੀ ਭਾਵ ਹੈ?

(ਕ) 'ਗਾਂ ਤੇ ਸੱਸ' ਗੀਤ ਦਾ ਵਿਸ਼ਾ ਕੀ ਹੈ?

(ਖ) 'ਕਾਂਗੜਾ ਦੇਸ਼ ਨਿਆਰਾ' ਗੀਤ ਵਿਚ ਕਾਂਗੜੇ ਦਾ ਕਿਸ ਤਰ੍ਹਾਂ ਦਾ ਚਿੱਤਰ ਪੇਸ਼ ਹੈ? 1×5=5

## ਯੂਨਿਟ-ਦੂਜਾ

5. ਹੇਠ ਲਿਖਿਆਂ ਵਿਚੋਂ ਕਿਸੇ **ਪੰਜ** ਸ਼ਬਦਾਂ ਦਾ ਪੰਜਾਬੀ ਅਨੁਵਾਦ ਕਰੋ:

Postpone, Valid, Annexure, Revenue, Projected, Penalty, Extension 5×1=5

6. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਵਿਸ਼ੇ ਉੱਪਰ ਪੈਰ੍ਹਾ ਰਚਨਾ ਕਰੋ:

(ੳ) ਅਜੋਕੀ ਪ੍ਰੀਖਿਆ ਪ੍ਰਣਾਲੀ

(ਅ) ਨੌਜਵਾਨਾਂ ਵਿਚ ਵਧਦੀ ਨਸ਼ੇ ਦੀ ਸਮੱਸਿਆ। 5×1=5



Scanned with OKEN Scanner

7. ਹੇਠ ਲਿਖੇ ਪੈਰ੍ਹੇ ਵਿਚ ਆਏ ਸ਼ਬਦਾਂ / ਵਾਕਾਂ ਨੂੰ ਢੁਕਵੇਂ ਵਿਸ਼ਰਾਮ ਚਿੰਨ੍ਹ ਲਾਓ:

ਮੈਂ ਇਸ ਮਨ ਦਾ ਕੀ ਕਰਾਂ ਮੈਂ ਇਸਨੂੰ ਬੰਨ੍ਹ ਕੇ ਰਖਿਆ ਏ ਨੂੜ ਕੇ ਤੂਫਾਨਾ ਤੋਂ ਬਚਾਕੇਂ-ਛੱਲਾਂ ਤੋਂ ਹਟਾ ਕੇ ਪੱਤਣ ਦੇ ਕੰਢੇ ਇੱਕ ਥਾਂ ਉਸ ਬੇੜੀ ਵਾਂਗ ਜਿਸ ਨੂੰ ਦਰਿਆ ਦੀਆਂ ਛੱਲਾਂ ਛੋਹੰਦੀਆਂ ਸਨ ਪਰ ਠੇਲ੍ਹ ਨਹੀਂ ਸਕਦੀਆਂ ਇਸ ਤੋਂ ਵੀ ਸੁਰਜੀਤ ਏਡਾ ਹਰਖੀ ਕਿਉਂ ਸੀ ਉਸ ਨੂੰ ਤਾਂ ਪਤਾ ਸੀ ਕਿ ਮੈਂ ਉਸਦੀ ਹਾਂ ਲਾਜ ਪਿਆਰ ਵਿੱਚ ਕਿਸੇ ਮਰਦ ਦਾ ਮਨ ਧੋਖਾ ਨਹੀਂ ਖਾਂਦਾ ਤੂੰ ਸੁੰਦਰ ਨੂੰ ਪਿਆਰ ਕਰਦੀ ਸੈਂ ਤੇਰੀਆਂ ਅੱਖਾਂ ਵਿੱਚ ਉਹ ਪਿਆਰ ਉਛਾਲਾ ਏ ਜੋ ਕਿਸੇ ਵੀ ਮਰਦ ਨੂੰ ਸਾਰੀ ਉਮਰ ਲਈ ਪਾਗਲ ਬਣਾਨ ਲਈ ਮੁਕਦਾ ਨਹੀਂ 5×1=5

8. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਦਿਓ।

ਸੱਭਿਆਚਾਰ ਲਈ ਭਾਸ਼ਾ ਵਾਹਨ ਹੁੰਦੀ ਹੈ ਅਤੇ ਕਲਾਵਾਂ ਇਸ ਦਾ ਚਿਹਰਾ। ਜੇ ਭਾਸ਼ਾ ਬਦਲ ਜਾਵੇ ਤਾਂ ਸੱਭਿਆਚਾਰ ਵੀ ਬਦਲ ਜਾਂਦਾ ਹੈ। ਅੰਗਰੇਜ਼ਾਂ ਦੀ ਆਧੁਨਿਕ ਸਿੱਖਿਆ ਨਾਲ ਅੰਗਰੇਜ਼ੀ ਭਾਸ਼ਾ ਆਈ। ਅੰਗਰੇਜ਼ ਤਾਂ ਇੱਥੋਂ ਚਲੇ ਗਏ ਪਰ ਸਾਡੇ ਨਾਲ਼ ਅੰਗਰੇਜ਼ੀ ਭਾਸ਼ਾ ਇੱਥੇ ਹੀ ਛੱਡ ਗਏ। ਸਾਡੇ ਨਾਲ਼ ਉਹ ਹੋਈ ਕਿ 'ਡੈਣ ਮਰ ਗਈ ਪਰ ਦੰਦ ਆਲ਼ੇ ਵਿੱਚ ਧਰ ਗਈ'। ਅੰਗਰੇਜ਼ੀ ਭਾਸ਼ਾ ਸੱਭਿਆਚਾਰਕ ਕਲਾਵਾਂ ਦੀ ਅੰਤਰ-ਰਾਸ਼ਟਰੀ ਮੰਡੀ ਹੈ। ਉਹ ਆਪਣੀ ਇਸ਼ਤਿਹਾਰਬਾਜ਼ੀ ਅਤੇ ਤਕਨੀਕ ਰਾਹੀਂ ਸਾਰੀ ਦੁਨੀਆਂ ਦੇ ਸੱਭਿਆਚਾਰਾਂ ਨੂੰ ਪ੍ਰਭਾਵਿਤ ਕਰ ਰਹੀ ਹੈ। ਜਦੋਂ ਬੱਚਾ ਮਾਂ-ਬੋਲੀ ਦੀ ਥਾਂਵੇਂ ਅੰਗਰੇਜ਼ੀ ਭਾਸ਼ਾ ਸਿੱਖੇਗਾ ਤਾਂ ਅੰਗਰੇਜ਼ੀ ਸੱਭਿਆਚਾਰ ਆਪਣੇ ਆਪ ਸਾਡੇ 'ਤੇ ਅਸਰ ਪਾਵੇਗਾ। ਬੱਚੇ ਨੂੰ ਅੰਗਰੇਜ਼ੀ ਕਾਰਟੂਨ, ਅੰਗਰੇਜ਼ੀ ਫ਼ਿਲਮਾਂ, ਅੰਗਰੇਜ਼ੀ ਗੀਤ, ਅੰਗਰੇਜ਼ੀ ਸਾਹਿਤ ਹੀ ਚੰਗਾ ਲੱਗੇਗਾ। ਉਹ ਆਪਣੀਆਂ ਦਾਦੀਆਂ ਨਾਨੀਆਂ ਦੀਆਂ ਬਾਤਾਂ, ਅਖਾਣਾਂ, ਮੁਹਾਵਰਿਆਂ ਨੂੰ ਸਮਝਣ ਤੋਂ ਅਸਮਰਥ ਰਹਿ ਜਾਵੇਗਾ। ਦੁੱਖ ਦੀ ਗੱਲ ਇਹ ਹੈ ਕਿ ਉਹ ਵਿਰਸੇ ਵਿੱਚ ਛੁਪੇ ਸਾਡੇ ਸੱਭਿਆਚਾਰ ਤੋਂ ਵੀ ਟੁੱਟ ਜਾਵੇਗਾ। 5×1=5